RNI: HARHIN/2011/46997 ISSN 2347-4041

## शोध के प्रयोजन

सृष्टि में कोई भी कार्य बगैर प्रयोजन के नहीं होता। प्रत्येक कार्य का अपना लक्ष्य होता है।

शोध के प्रयोजन के बारे में भिन्न-भिन्न विचार दिए गए हैं :-

**ज्ञान -** शोध कार्य का सबसे महत्त्वपूर्ण प्रयोजन ज्ञान प्राप्ति ही है। एन्साइक्लोपीडिया ब्रिटेनिका के खंड (११) में रिसर्च शब्द पर प्रकाश डाला गया है। अत: शोधक का मुख्य प्रयोजन ज्ञान का विस्तार है चाहे वह भौतिक ज्ञान हो, चाहे वैचारिक या फिर आध्यात्मिक। सम्पूर्ण ज्ञान शोध से संभव है।

**अर्थ प्राप्ति -** शोध का एक प्रयोजन अर्थ प्राप्ति भी कह सकते हैं। डॉ. उदयभानु सिंह ने अपने ग्रंथ 'अनुसंधान का विवेचन' में शोध के इस प्रयोजन को महत्त्व देते हुए लिखा है - 'उपाधि परक शोधकार्य करने वाले विद्यार्थी का प्रधान साध्य अर्थ ही है।'

**यश प्राप्ति -** धन लिप्सा से यश लिप्सा ज्यादा महत्त्वपूर्ण है। अंग्रेजी में एक कहावत है कि एक सदाशयी व्यक्ति की अंतिम दुर्बलता है यश। इसलिए अनेक सुसम्पन्न व्यक्ति भी कीर्ति के लिए पीएच.डी., डी.लिट्. आदि उपाधियों से अलंकृत होते देखे जाते हैं। पत्रिकाओं में शोधपत्रों के द्वारा भी व्यक्ति की अलग पहचान बनती है।

**मानव कल्याण हेतु -** कई विद्वान मात्र इसी कारण शोध कार्य में लगे हुए हैं ताकि आगे आने वाले शोधकों को सामग्री का अभाव न झेलना पड़े। उनकी यही प्रवृत्ति मानव कल्याण की प्रवृत्ति कहलाती है। ऐसे समाज समय-समय पर शोध पत्र द्वारा शोधार्थियों को सहयोग देते रहते है

**तर्कपूर्ण व क्रियाशील बुद्धि -** कई विद्वान ऐसे हैं जिनकी बुद्धि प्रत्येक विषय में क्रियाशील रहती है तथा वे तर्क द्वारा एक नवीन अवधारणा को जन्म देते हैं और यह अवधारणा शोध के क्षेत्र में अपना स्थान बनाती है। अत: उनकी तार्किक बुद्धि उन्हें शोध कार्य में संलग्न होने की प्रेरणा देती रहती है। इसमें उनका मुख्य प्रयोजन मानसिक उलझन को तर्कपूर्ण तरीकों से सुलझाना रहता है।

"उदारचरितानां तु वसुधैव कुटुम्बकम्"

शोध चेतना अकादमी,

'वसुधैव कुटुम्बकम्' संस्कृति सेवा आयाम (पंजी.)

email:sanskarchetna@gmail.com www.sanskarchetna.com

संपादकीय कार्यालय: संपादक-संस्कार चेतना, #153/30, U.E., कुरुक्षेत्र, हरियाणा 136131

चलभाष. 094166-38831, 08708812021

संस्कार चेतना : अन्तरराष्ट्रीय मूल्यांकित शोध पत्रिका (मासिक)

UGC APPROVED NO- 41232 ISSN 2347-4041

वर्ष : 08,

अंक : 06,

फरवरी : 2019

IMPECT FACTOR NO : 3.245

साहित्य, शिक्षा, वाणिज्य, मानविकी, विज्ञान एवं सभी विषयों की

# संस्कार चेतना

अन्तरराष्ट्रीय मूल्यांकित शोध पत्रिका (मासिक)

INTERNATIONAL REFEREED RESEARCH JOURNAL

प्रथमां विश्ववारां तां संस्कृतिं स्वयुगानुगाम्। संस्कारचेतना धत्ते वसुधैव कुटुम्बकम्।।

Scanned with OKEN Scanner

Cross Border Insolvency Under Insolvency and Bankruptcy Code, 2016 : Importance and Issues
Rajesh Kumar Gupta 83-91
Play of Binaries in *the Fire and the Rain* of Girish Karnad
Vandna Kaul 92-95
देवता-तत्व : लक्षण, संख्या एवं स्वरूप-विवेचन
डॉ० विद्याधर सिंह 96-103
मौर्यकाल से गुप्तकाल तक के पुराभिलेखों में नारी की अवस्था का अवलोकन
डॉ. नबीता जम्वाल 104-107
संजीव की कहनियों में अभिव्यक्त आदिवासी जीवन
संदीप कुमार 108-114
काश्मीर शैव दर्शन में बन्धन और मोक्ष
विपन कुमार 115-119
आचार्य आनन्दवर्धन के अनुसार ध्वनि मत स्थापना
पुरुषोत्तम शर्मा 120-126
Tracing the lack of political will power and want of trust in Train to Pakistan
Deepak 127-130
ਪੁੰਨਿਆ : ਮਨੁੱਖੀ ਮਸਲਿਆ ਨਾਲ ਸੰਵਾਦ ਰਚਾਉਂਦੀ ਸ਼ਾਇਰੀ (ਸੁਖਵਿੰਦਰ ਅੰਮ੍ਰਿਤ)
ਡਾ. ਸੋਨੀਆ 131-133
ਗੁਰੂ ਨਾਨਕ ਦੀ ਅਦੁੱਤੀ ਰਚਨਾ 'ਆਸਾ ਦੀ ਵਾਰ'
ਡਾ. ਗੁਰਜਿੰਦਰ ਕੌਰ 134-136
ਵਰਿਆਮ ਮਸਤ ਦੇ ਨਾਟਕਾਂ ਵਿਚ ਆਧੁਨਿਕਤਾ ਦਾ ਸੰਕਲਪ
ਹਰਦੇਵ ਸਿੰਘ 137-139
ਫ਼ਰੀਦ ਬਾਣੀ ਦੀ ਸਮਾਜਿਕ ਵਿਚਾਰਧਾਰਾ
ਮੰਜ਼ਿਲਾ ਰਾਣੀ 140-142
ਗੁਰੂ ਨਾਨਕ ਬਾਣੀ ਦੀ ਰਹੱਸਵਾਦੀ ਵਿਚਾਰਧਾਰਾ:ਇਕ ਅਧਿਐਨ
ਡਾ. ਬਲਜਿੰਦਰ ਸਿੰਘ 143-147
ਪੰਜਾਬੀ ਲੋਕ-ਨਾਚਾਂ ਦੇ ਬਦਲਦੇ ਸਰੂਪ
ਡਾ. ਰੁਪਿੰਦਰ ਕੌਰ 148-150
Role of SHG's in Women Empowerment: An Emperical Study
Sumiti 151-154
Polyphonic Female Voice in Raja Rao's *Kanthapura*
Dr. Shweta Ahuja 155-159
Exploring the Moderating Impact of Job Involvement in the Relationship between Job Satisfaction and Job Performance: A Case Study of Indian Banking Sector
Pooja Sharma 160-167
Digital Marketing in Organised Retail Sector
Shivani Sharma 168-176



वैश्विक स्तर पर भारतीय संगीत
डॉ. प्रतिभा शर्मा 177-180
मिथकों पर प्रहार : सूअरदान
सुनीता 181-184
श्रीमद्भगवद्गीता एवं शिक्षानीति
डॉ० विदुषा 185-187
भारत में भूमि स्वामित्व : प्राक् औपनिवेशिक काल का एक अध्ययन
धीरज कौशिक 188-193
आधुनिक हिंदी कथा साहित्य मे साम्प्रदायिक चेतना
डॉ० सुभाष चंद्र, डॉ० बिजेन्द्र कुमार 194-199
Solving Systems of Volterra Integral Equations of Second Kind by Trapezoidal Rule
Sukhvinder 200-204
Search for wholeness in the fiction of Doris Lessing
Parshant Kumar 205-209
A Study on Green Marketing: A strategy for Sustainable Development
Rupali Lamba 210-215
Role of Financial Institutions in The Growth of India
Ranju 216-220
ऐतिहासिक स्त्रोत के रूप मे कुमार गुप्त प्रथम के सोने के सिक्कों का अध्ययन
पूनम 221-225
वर्तमान हिंदी कथा साहित्य में लिव-इन रिलेशनशिप
डॉ० सुभाष चंद्र, डॉ० बिजेन्द्र कुमार 226-233
A New Dimension in Indian Banking: Cashless and Demonetization
Prince Singla 234-237
मुगल साम्राज्य के पतन पर ऐतिहासिक दृष्टिकोण
मन्जीत सिंह 238-243
साहित्य एवं आलोचना
डॉ० मुन्नी देवी 244-247
स्मृतियों में न्याय-व्यवस्था
डॉ० पी० सी० शर्मा 248-252
Yogic Practices Reduced the Stress Level of Teacher Trainees of Different Stream
Dr.Bhanvra Kumari 253-261



Scanned with OKEN Scanner

ISSN : 2347–4041 UGC Approved No. 41232
Impact Factor 3.245
संस्कार चेतना अन्तरराष्ट्रीय मूल्यांकित शोध पत्रिका
वर्ष 8, अंक 6, फरवरी 2019

# ਗੁਰੂ ਨਾਨਕ ਦੀ ਅਦੁੱਤੀ ਰਚਨਾ 'ਆਸਾ ਦੀ ਵਾਰ'

ਡਾ. ਗੁਰਜਿੰਦਰ ਕੌਰ
ਸਹਾਇਕ ਪ੍ਰੋਫੈਸਰ
ਸ੍ਰੀ ਗੁਰੂ ਨਾਨਕ ਗਰਲਜ਼ ਕਾਲਜ
ਸੰਤਪੁਰਾ (ਯਮੁਨਾਨਗਰ)

ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਵਾਰਾਂ ਲੋਕ-ਕਾਵਿ ਬਹੁਤ ਪ੍ਰਸਿੱਧ ਅਤੇ ਹਰਮਨ ਪਿਆਰੀਆਂ ਸਨ। ਉਸ ਸਮੇਂ ਭਾਰ ਅਤੇ ਵਿਸ਼ੇਸ਼ ਕਰਕੇ ਪੰਜਾਬ ਵਿਚ ਕਿਸੇ ਪ੍ਰਕਾਰ ਦਾ ਕੋਈ ਸਥਾਈ ਅਤੇ ਸੰਗਠਿਤ ਰਾਜ ਕਾਇਮ ਨਹੀਂ ਸੀ। ਛੋਟੇ-ਛੋਟੇ ਟੁਕੜਿਆ ਵਿਚ ਰਾਜ ਵੰਡਿਆ ਹੋਇਆ ਸੀ ਅਤੇ ਬਾਹਰੋਂ ਹੋਣ ਵਾਲੇ ਹਮਲਿਆਂ ਨੇ ਸਾਰੀ ਵਿਵਸਥਾ ਵਿਗਾੜ ਦਿੱਤੀ ਸੀ। ਇਸ ਤਰ੍ਹ ਪੰਜਾਬ ਦਾ ਵਾਤਾਵਰਣ ਧਾਰਮਿਕ, ਰਾਜਨੀਤਕ ਤੇ ਸਮਾਜਿਕ ਹਰ ਪੱਖ ਤੋਂ ਅਸਾਂਤ ਬਣਿਆ ਹੋਇਆ ਸੀ। ਅਜਿਹੇ ਵਾਤਾਵਰਣ ਦੇ ਪ੍ਰਭਾਵ ਹੇਠ ਲੋਕਾਂ ਦਾ ਸੁਭਾ ਵੀ ਅਸਥਿਰ ਜਿਹਾ ਹੋ ਗਿਆ ਸੀ। ਲੜਾਈ ਤੋਂ ਡਰਨ ਵਾਲੇ ਲੋਕ ਪਹਾੜਾਂ, ਬੀੜਾਂ ਅਤੇ ਮਾਰੂਥਲਾਂ ਵੱਲ ਪ੍ਰਸਥਾਨ ਕਰ ਗਏ। ਕੁਝ ਬਹਾਦਰ ਅਤੇ ਸਵਾਭੀਮਾਨੀ ਪੰਜਾਬ ਦੀ ਧਰਤੀ ਦਾ ਅੰਨ, ਜਲ ਪ੍ਰਾਪਤ ਕਰਕੇ ਉਸਨੂੰ ਲਾਜ ਨਾ ਲਵਾਉਣ ਵਾਲੇ ਲੋਕ ਬਾਹਰੋਂ ਹੋਣ ਵਾਲੇ ਹਮਲਿਆਂ ਦਾ ਮੁਕਾਬਲਾ ਕਰਦੇ ਰਹੇ। ਯੁੱਧ ਦੀ ਵੰਗਾਰ ਨੂੰ ਉਹਨਾਂ ਨੇ ਆਪਣੇ ਤਨ-ਮਨ ਤੇ ਹੰਢਾਇਆ ਅਤੇ ਬਾਹਰੋਂ ਆਏ ਜਰਵਾਣਿਆਂ ਦਾ ਮੁਕਾਬਲਾ ਕੀਤਾ। ਛੋਟੀ-ਛੋਟੀ ਸੀਮਾਂਤੀ ਛੇੜਖਾਨੀਆ ਜਿਹਨਾਂ ਵਿਚ ਕਈ ਵਾਰੀ ਕਿਸੇ ਯੁੱਧ ਦਾ ਕਾਰਨ ਕੋਈ ਸੁੰਦਰੀ ਵੀ ਹੁੰਦੀ ਸੀ, ਵਡੇ ਝਗੜਿਆਂ ਦਾ ਰੂਪ ਧਾਰਨ ਲੱਗੀਆਂ।

ਅਜੋਕੇ ਸਮੇਂ ਰਜਵਾੜੇ, ਜਗੀਰਦਾਰ ਅਤੇ ਨਵਾਬਾਂ ਦੇ ਦਰਬਾਰੀ ਜਿਹਨਾਂ ਵਿਚ ਭੱਟ, ਚਾਰਣ ਢਾਡੀ ਜਾਂ ਮੀਰਾਸੀ ਯੁੱਧ ਲਈ ਪ੍ਰੇਰਣਾ ਦੇਣ, ਉਤਸ਼ਾਹ ਨੂੰ ਕਾਇਮ ਰੱਖਣ ਲਈ ਵਾਰਾਂ ਦੀ ਰਚਨਾ ਕਰਕੇ ਆਪਣੀ ਹੋਂਦ ਦੀ ਸਾਰਥਕਤਾ ਦੀ ਛਾਪ ਲਾਈ ਰੱਖਦੇ ਸਨ। ਇਹ ਵਾਰਾਂ ਲੋਕ-ਬੋਲੀ ਅਤੇ ਸਥਾਨਕ ਬੋਲੀ ਦੇ ਪ੍ਰਭਾਵ ਹੇਠ ਰਚੀਆਂ ਜਾਂਦੀਆਂ ਸਨ ਅਤੇ ਕੰਠ ਅਨੁਕੰਠ ਪਰੰਪਰਾ ਵਿਚ ਹੀ ਚਲਦੀਆਂ ਰਹਿੰਦੀਆਂ ਸਨ। ਇਹਨਾਂ ਵਾਰਾਂ ਦੀ ਉਚਿੱਤ ਸੰਭਾਲ ਦਾ ਕੋਈ ਪ੍ਰਬੰਧ ਨਾ ਹੋ ਸਕਿਆ ਤੇ ਇਸ ਲਈ ਇਹਨਾਂ ਦਾ ਵੱਡਮੁੱਲਾ ਭੰਡਾਰ ਨਸ਼ਟ ਹੋ ਗਿਆ। ਗੁਰੂ ਅਰਜਨ ਦੇਵ ਜੀ ਦੇ ਉਪਰਾਲੇ ਸਦਕਾ ਕੇਵਲ ਨੌ ਵਾਰਾਂ ਦੀ ਹੀ ਹੋਂਦ ਦੀ ਜਾਣਕਾਰੀ ਮਿਲਦੀ ਹੈ ਜਿਹਨਾਂ ਦੀਆਂ ਧੁਨਾਂ ਹੇਠ ਆਦਿ ਗ੍ਰੰਥ ਵਿਚ ਵਾਰਾਂ ਦਰਜ ਹਨ। ਗੁਰੂ ਜੀ ਨੇ ਉਸ ਸਮੇਂ ਪ੍ਰਚਲਿਤ ਵੀਰ-ਰਸੀ ਵਾਰਾਂ ਦੇ ਆਧਾਰ ਤੇ ਆਦਿ ਗ੍ਰੰਥ ਵਿਚ ਦਰਜ ਵਾਰਾਂ ਦੀਆਂ ਤਰਜ਼ਾਂ ਨਿਸ਼ਚਿਤ ਕੀਤੀਆਂ ਹਨ। ਇਹਨਾਂ ਨੌ ਵਾਰਾਂ ਦਾ ਵੇਰਵਾ ਇਸ ਪ੍ਰਕਾਰ ਹੈ :

1. ਮਾਝ ਦੀ ਵਾਰ ਮ. ੧ -
   - ਮਲਕ ਮੁਰੀਦ ਚੰਦ੍ਰਹੜਾ ਸੋਹੀਆ ਦੀ ਵਾਰ
2. ਗਉੜੀ ਦੀ ਵਾਰ ਮ. ੫ -
   - ਰਾਇ ਕਮਾਲ ਦੀ ਮੋਜ ਦੀ ਵਾਰ
3. ਆਸਾ ਦੀ ਵਾਰ ਮ. ੧ -
   - ਟੁੰਡੇ ਅਸਰਾਜੇ ਦੀ ਵਾਰ
4. ਗੂਜਰੀ ਦੀ ਵਾਰ ਮ. ੩ -
   - ਸਿਕੰਦਰ ਇਬਰਾਹਿਮ ਦੀ ਵਾਰ
5. ਵਡਹੰਸ ਦੀ ਵਾਰ ਮ. ੪ -
   - ਲਲਾ ਬਹਿਲੀਮਾ ਦੀ ਵਾਰ
6. ਰਾਮਕਲੀ ਦੀ ਵਾਰ ਮ. ੩ -
   - ਜੋਧੇ ਵੀਰੇ ਪੂਰਬਾਣੀ ਦੀ ਵਾਰ
7. ਸਾਰੰਗ ਦੀ ਵਾਰ ਮ. ੪ -
   - ਰਸਨੇ ਮਹਿਮੇ ਦੀ ਵਾਰ
8. ਮਲ੍ਹਾਰ ਕੀ ਵਾਰ ਮ. ੧ -
   - ਰਾਣੇ ਕੈਲਾਸ ਦੇਵ ਤਥਾ ਮਾਲਦੇ ਦੀ ਵਾਰ



9. ਕਾਨੜੇ ਦੀ ਵਾਰ ਮ. ੪ -
   - ਮੂਸੇ ਦੀ ਵਾਰ

ਇਸੇ ਤਰ੍ਹਾਂ ਲੌਕਿਕ ਵਾਰਾਂ ਦੀਆਂ ਧੁਨਾਂ ਉਤੇ ਅਲੌਕਿਕ ਵਾਰਾਂ ਨੂੰ ਗਾਉਣ ਦਾ ਸੰਦੇਸ ਆਦਿ-ਗ੍ਰੰਥ ਵਿਚ ਗੁਰੂ ਅਰਜਨ ਦੇਵ ਜੀ ਨੇ ਦਰਜ ਕੀਤਾ । ਅਧਿਆਤਕ ਵਾਰਾਂ ਦਾ ਆਰੰਭ 'ਪੁਰਾਤਨ ਜਨਮਸਾਖੀ' ਗੁਰੂ ਨਾਨਕ ਦੇਵ ਜੀ ਨੇ ਉਦੋਂ ਕੀਤਾ ਜਦੋ ਸ਼ੇਖ ਬ੍ਰਹਮ ਨਾਲ ਉਹਨਾਂ ਦੀ ਗੋਸਟਿ ਹੋਈ। ਬਾਬਾ ਫਰੀਦ ਦੀ ਗੱਦੀ ਉਤੇ ਬੈਠੇ ਫਰੀਦ ਸਾਨੀ ਨੇ ਜੰਗਲ ਵਿਚ ਬੈਠੇ ਗੁਰੂ ਨਾਨਕ ਅਤੇ ਮਰਦਾਨੇ ਦੇ ਕੋਲੋਂ ਲੰਗਦਿਆਂ, ਗੁਰੂ ਨਾਨਕ ਦੇ ਮੁਖਾਰਬਿੰਦ ਤੋਂ ਇਹ ਸਬਦ ਸੁਣਿਆ :

ਆਪੇ ਪਟੀ ਕਲਮ ਆਪਿ
ਉਪਰਿ ਲੇਖੁ ਭਿ ਤੂ
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ

ਇਹ ਸੁਣ ਕੇ ਸ਼ੇਖ ਸਾਨੀ ਬਹੁਤ ਪ੍ਰਭਾਵਿਤ ਹੋਇਆ ਉਸਨੇ ਬਾਬਾ ਜੀ ਤੋਂ ਇਹ ਸਲੋਕ ਦੁਬਾਰਾ ਸੁਣਿਆ ਅਤੇ ਕੰਠ ਕਰਕੇ ਸ਼ੇਖ ਬ੍ਰਹਮ ਨੂੰ ਸੁਣਾਇਆ। ਸ਼ੇਖ ਬ੍ਰਹਮ ਇਸ ਸਲੋਕ ਨੂੰ ਸੁਣ ਕੇ ਗੁਰੂ ਨਾਨਕ ਦੇ ਦਰਸ਼ਨਾਂ ਨੂੰ ਤਾਂਘਣ ਲਗਾ। ਸ਼ੇਖ-ਬ੍ਰਹਮ ਨੇ ਜਦੋਂ ਗੁਰੂ ਨਾਨਕ ਨੂੰ 'ਹਿਕ ਖੁਦਾਇ ਕੀ ਵਾਰ' ਸੁਣਾਉਣ ਲਈ ਬੇਨਤੀ ਕੀਤੀ ਤਾਂ ਗੁਰੂ ਜੀ ਆਖਿਆ- ਮਰਦਾਨਿਆ ! ਰਬਾਬੁ ਵਜਾਇ। ਮਰਦਾਨੇ ਨੇ ਜਦੋਂ ਰਬਾਬ ਵਜਾਈ ਤਾਂ ਰਾਗ ਆਸਾ ਕੀਤਾ ਅਤੇ ਗੁਰੂ ਜੀ ਨੇ ਸਲੋਕ ਦਿੱਤਾ, ਸਲੋਕ, ਸਤਿਗੁਰੂ ਪ੍ਰਸਾਦਿ। ਆਸਾ ਦੀ ਵਾਰ ਮਹਲਾ ੧ ।

ਇਸ ਤਰ੍ਹਾਂ ਇਹ ਅਨੁਮਾਨ ਕੀਤਾ ਗਿਆ ਕਿ ਗੁਰੂ ਨਾਨਕ ਦੇਵ ਜੀ ਨੇ 'ਆਸਾ ਦੀ ਵਾਰ' 'ਹਿਕ' ਖੁਦਾਇ ਸੰਬੰਧੀ ਉਚਾਰਨ ਕੀਤੀ। ਗੁਰੂ ਨਾਨਕ ਦੇਵ ਜੀ ਲੇ 'ਆਸਾ ਦੀ ਵਾਰ' ਰਚਨ ਸਮੇਂ ਪੁਰਾਤਨ ਪ੍ਰਚਲਿਤ ਨਾਇਕ ਤੇ ਪ੍ਰਤਿਨਾਇਕ ਦੀ ਪਾਲਣਾ ਨਾ ਕਰਕੇ ਇਸ ਸੰਬੰਧੀ ਆਪਣੀਆਂ ਸੁਤੰਤਰ ਰੁਚੀਆਂ ਦੀ ਅਭਿਵਿਅਕਤੀ ਕੀਤੀ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀਆਂ ਲਿਖੀਆਂ ਤਿੰਨ ਵਾਰਾਂ ਮਾਝ, ਆਸਾ ਅਤੇ ਮਲ੍ਹਾਰ ਰਾਗਾਂ ਅਧੀਨ ਗੁਰੂ ਗ੍ਰੰਥ ਸਾਹਿਬ ਜੀ ਵਿਚ ਸੰਕਲਿਤ ਹਨ। ਪੁਰਾਤਨ ਸਮੇਂ ਤੋਂ ਹੀ ਵਾਰਾਂ ਦੇ ਲੇਖ ਅਤੇ ਗਾਇਕ ਭੱਟ ਜਾਂ ਢਾਡੀ ਹੁੰਦੇ ਸਨ, ਇਸ ਲਈ ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ 'ਢਾਡੀ' ਕਿਹਾ ਹੈ। ਵਾਰ ਸਾਹਿਤ ਵਿਚ ਗੁਰੂ ਨਾਨਕ ਦੇਵ ਜੀ ਦੀ ਵਡੀ ਪ੍ਰਾਪਤੀ ਵਾਰ ਨੂੰ ਵੀਰ ਰਸ ਦੇ ਖੇਤਰ ਤੋਂ ਕਢ ਕੇ ਅਧਿਆਤਮਿਕਤਾ ਦੇ ਸਾਂਤ ਵਾਤਾਵਰਣ ਵਿਚ ਪੇਸ਼ ਕਰਨਾ ਸੀ। ਗੁਰੂ ਨਾਨਕ ਦੇਵ ਜੀ ਨੇ ਵਾਰ ਦੇ ਵਿਸ਼ੇ ਖੇਤਰ ਨੂੰ ਵਿਸਥਾਰ ਦੇ ਕੇ, ਲੋਕ ਕਾਵਿ-ਰੂਪ ਨੂੰ ਅਪਨਾ ਕੇ, ਲੋਕ-ਬੋਲੀ ਵਿਚ ਆਪਣੀ ਗੱਲ ਨੂੰ ਸਪਸ਼ਟਤਾ ਦਿੱਤੀ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਵਾਰਾਂ ਨੂੰ ਪਉੜੀਆਂ ਵਿਚ ਲਿਖਿਆ ਅਤੇ ਇਹ ਪਉੜੀਆਂ ਇਕ ਪ੍ਰਭੂ, ਗੁਰੂ ਦੀ ਮਹਿਮਾ, ਨਾਮ-ਸਿਮਰਨ, ਕਰਮਾਂ-ਧਰਮਾਂ ਦੇ ਪਾਖੰਡਾਂ ਦੀ ਨਿਖੇਧੀ ਕਰਦੀਆਂ ਹਨ।

'ਆਸਾ ਦੀ ਵਾਰ' ਆਦਿ-ਗ੍ਰੰਥ ਦੀਆਂ ਵਾਰਾਂ ਦੀ ਸਿਰਮੌਰ ਵਾਰ ਹੈ, ਜਿਸ ਨੂੰ 'ਟੁੰਡੇ ਅਸਰਾਜੇ ਦੀ ਧੁਨੀ' ਉਤੇ ਗਾਉਣ ਦਾ ਸੰਦੇਸ਼ ਹੈ ਜਿਸ ਦੀਆਂ ਕੁਲ 24 ਪਉੜੀਆਂ ਹਨ। ਇਹ ਇਕ ਅਜਿਹੀ ਵਾਰ ਹੈ ਜਿਸ ਨੂੰ ਬਾਕੀ ਅਧਿਆਤਮਕ ਵਾਰਾਂ ਦੀ ਪ੍ਰਤਿਨਿਧ ਵਾਰ ਕਿਹਾ ਜਾ ਸਕਦਾ ਹੈ। ਇਸ ਦੀਆਂ ਪਉੜੀਆਂ ਵਿਚ ਜਿਥੇ ਰਹੱਸਵਾਦੀ ਦ੍ਰਿਸ਼ਟੀਕੋਣ ਅਤੇ ਅਨੁਭੂਤੀ ਦੀ ਅਭਿਵਿਅਕਤੀ ਹੋਈ ਹੈ ਉਥੇ ਸੋਲਕਾਂ ਵਿਚ ਕੁਦਰਤ ਅਤੇ ਸ੍ਰਿਸ਼ਟੀ ਦਾ ਵਿਵਰਣ ਪੇਸ਼ ਕਰਕੇ ਮਨੁੱਖ ਦੀ ਆਤਮਿਕ ਸ਼ੁੱਧੀ ਉਤੇ ਬਲ ਦਿੱਤਾ ਗਿਆ ਹੈ। ਇਹ ਸ਼ੁੱਧੀ ਪਾਖੰਡ, ਅਵਗੁਣ ਅਤੇ ਭਰਮ ਨੂੰ ਦੂਰ ਕਰਕੇ ਬ੍ਰਹਮ-ਗਿਆਨ ਦੀ ਪ੍ਰਾਪਤੀ ਰਾਹੀਂ ਹੁੰਦੀ ਹੈ।

'ਆਸਾ ਦੀ ਵਾਰ' ਵਿਚ ਰਹੱਸਵਾਦੀ ਵਿਸ਼ੇ ਨੂੰ ਸਮਾਜਿਕ ਵਾਸਤਵਿਕਤਾ ਦੇ ਪ੍ਰਕਾਸ਼ ਵਿਚ ਰਖਕੇ ਪਰਖਿਆ ਗਿਆ ਹੈ। ਧਾਰਮਿਕ ਅਤੇ ਸਮਾਜਕ ਪਾਖੰਡਾਂ ਉਤੇ ਚੋਟ ਕਰਨਾ ਸ਼ਲੋਕਾਂ ਦਾ ਪ੍ਰਮੁੱਖ ਵਿਸ਼ਾ ਹੈ। ਇਸ ਪ੍ਰਕਰਣ ਵਿਚ ਉਸ ਵੇਲੇ ਦੀ ਧਾਰਮਿਕ ਅਤੇ ਸਮਾਜਕ ਗਤੀਵਿਧੀ ਨੂੰ ਬੜੀ ਯਥਾਰਥ ਸ਼ੈਲੀ ਵਿਚ ਪੇਸ਼ ਕੀਤਾ ਗਿਆ ਹੈ। ਇਸ ਤੋਂ ਛੁੱਟ ਹਉਮੈ ਨੂੰ ਗੁਰੂ ਦੀ ਸਹਾਇਤਾ ਨਾਲ ਨਸ਼ਟ ਕਰਕੇ ਆਚਰਣ ਨੂੰ ਵਿਕਸਿਤ ਕਰਨਾ ਇਸ ਵਾਰ ਦਾ ਮੁੱਖ ਵਿਸ਼ਾ ਹੈ। ਵਿਸ਼ੇ ਸਬੰਧੀ ਵਿਚਾਰਧਾਰਾ ਨੂੰ ਸਪਸ਼ਟ ਕਰਦੀਆਂ ਕੁਝ ਤੁਕਾਂ ਦਾ ਸੰਖੇਪ ਵਰਣਨ ਇਸ ਤਰ੍ਹਾਂ ਹੈ :

1. ਆਪੀਨੈ ਭੋਗ ਭੋਗਿ ਕੈ
   ਹੋਇਅ ਤਸਮੜਿ ਭਉਰੁ ਸਿਧਾਇਆ
   ਵਡਾ ਹੋਆ ਦੁਨੀਦਾਰੁ
   ਗਲਿ ਸੰਗਲਙ ਘਤਿ ਚਲਾਇਆ
   - - - - - - - - - - -[1]

2. ਵਾਇਨਿ ਚੇਲੇ ਨਚਨਿ ਗੁਰ
   ਪੈਰ ਹਲਾਇਨਿ ਫੇਰਨਿ ਸਿਰ
   ਉਡਿ ਉਡਿ ਰਾਵਾ ਝਾਟੈ ਪਾਇ
   ਵੇਢ ਲੋਕੁ ਹਸੈ ਘਰਿ ਜਾਇ
   ਰੋਟੀਆ ਕਾਰਣਿ ਪੂਰਹਿ ਤਾਲ
   - - - - - - - - - - -[2]

3. ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ
ਘੜਿ ਭਾਂਡੇ ਇਟਾ ਕੀਆ
ਜਲਦੀ ਕਰੇ ਪੁਕਾਰ
- - - - - - - - -[3]

4. ਪੜਿ ਪੜਿ ਗਡੀ ਲਦੀਅਹਿ
ਪੜਿ ਪੜਿ ਭਰੀਅਹਿ ਸਾਥ
ਪੜਿ ਪੜਿ ਬੇੜੀ ਪਾਈਐ
- - - - - - - - - -4

5. ਬਹੁ ਤੀਰਥ ਭਵਿਆ
ਤੇਤੋ ਲਵਿਆ
ਬਹੁ ਭੇਖ ਕੀਆ
ਦੇਹੀ ਦੁਖ ਦੀਆ
- - - - - - - - -
ਅੰਨੁ ਨ ਖਾਇਆ ਸਾਦੁ ਗਵਾਇਆ
- - - - - - - - -[5]

'ਆਸਾ ਦੀ ਵਾਰ' ਵਿਚ ਪਉੜੀਆਂ ਦੇ ਨਾਲ-ਨਾਲ ਸਲੋਕ ਵੀ ਦਰਜ ਹਨ। ਕਿਤੇ-ਕਿਤੇ ਪਰੰਪਰਾਗਤ ਅਤੇ ਰੂੜ੍ਹ ਧਾਰਮਿਕ ਕਰਮ ਕਾਡਾਂ ਦੀ ਤੀਬਰ ਆਲੋਚਨਾ ਕੀਤੀ ਗਈ ਹੈ ਅਤੇ ਇਸ ਦੇ ਨਾਲ-ਨਾਲ ਨਵੀਨ, ਯੁਗ ਅਨੁਕੂਲ ਅਤੇ ਕਲਿਆਣਕਾਰੀ ਸੁਝਾ ਵੀ ਦਿੱਤੇ ਗਏ ਹਨ। ਕੁਝ ਸਲੋਕਾਂ ਦਾ ਸੰਬੰਧ ਪ੍ਰਭੂ ਦੀ ਉਸਤਤ, ਭਗਤੀ ਭਾਵਨਾ ਅਤੇ ਆਚਰਨ ਦੇ ਨਿਰਮਾਣ ਨਾਲ ਹੈ। ਇਹਨਾਂ ਵਿਚ ਰਾਗਾਤਮਕਤਾ ਦੀ ਥਾਂ ਬੋਧਿਕਤਾ ਅਤੇ ਤਰਕ ਵਿਤਰਕ ਜ਼ਿਆਦਾ ਹੈ। ਪਉੜੀਆਂ ਵਿਚ ਭਾਸ਼ਾ ਸੰਬੰਧੀ ਕਈ ਰੰਗ ਹਨ। ਲੋਕਿਕ ਅਤੇ ਦੇਸੀ ਸ਼ਬਦਾਵਲੀ ਦੀ ਪ੍ਰਧਾਨਤਾ ਹੈ। ਇਹਨਾਂ ਦਾ ਬਿਆਨ ਸਾਦਾ, ਸਰਲ ਅਤੇ ਸਪੱਸ਼ਟ ਹੈ।

ਅੰਤ ਵਿਚ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਗੁਰੂ ਨਾਨਕ ਨੇ ਕਿਸੇ ਤਰ੍ਹਾਂ ਦੇ ਬੰਧਨਾਂ ਵਿਚ ਨਾ ਬੱਝ ਕੇ ਆਪਣੇ ਅਨੁਭਵ ਅਨੁਕੂਲ ਦੀ ਅਭਿਵਿਅਕਤੀ ਦਾ ਸਾਧਨ ਅਤੇ ਸਰੂਪ ਵਾਕ ਕਾਵਿ ਰੂਪ ਨੂੰ ਲੱਭ ਕੇ ਪੂਰਨ ਖੁੱਲ੍ਹ ਅਤੇ ਨਿਧੜਕ ਬਿਆਨ ਪੇਸ਼ ਕੀਤੇ ਹਨ।

## ਹਵਾਲੇ ਅਤੇ ਟਿੱਪਣੀਆਂ


1 ਆਦਿ ਗ੍ਰੰਥ, ਪੰਨਾ 465
2 ਆਦਿ ਗ੍ਰੰਥ, ਪੰਨਾ 465
3 ਆਦਿ ਗ੍ਰੰਥ, ਪੰਨਾ 466
4 ਆਦਿ ਗ੍ਰੰਥ, ਪੰਨਾ 467
5 ਆਦਿ ਗ੍ਰੰਥ, ਪੰਨਾ 467





ISSN : 2347–4041
UGC Approved No. 41232
Impact Factor 3.245
संस्कार चेतना अन्तरराष्ट्रीय मूल्यांकित शोध पत्रिका
वर्ष 8, अंक 6, फरवरी 2019


# ਵਰਿਆਮ ਮਸਤ ਦੇ ਨਾਟਕਾਂ ਵਿਚ ਆਧੁਨਿਕਤਾ ਦਾ ਸੰਕਲਪ


ਹਰਦੇਵ ਸਿੰਘ
ਖੋਜਾਰਥੀ
ਪੰਜਾਬੀ ਵਿਭਾਗ
ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ


ਵਰਿਆਮ ਮਸਤ ਆਪਣੇ ਨਾਟਕਾਂ ਵਿਚ ਆਧੁਨਿਕ ਚੇਤਨਾ ਨੂੰ ਪੇਸ਼ ਕਰਦਾ ਹੈ। ਨਾਟਕ ਰਿਸ਼ਤੇ, ਭਖੱਕਾ ਅਤੇ ਘਰਲੀ ਵਿਚ ਮਨੁੱਖ ਦੀਆਂ ਸਮਾਜਿਕ, ਮਾਨਸਿਕ ਅਤੇ ਆਰਥਿਕ ਸਥਿਤੀਆਂ ਨੂੰ ਪੇਸ਼ ਕਰਦਾ ਹੈ।ਆਧੁਨਿਕ ਯੁੱਗ ਵਿਚ ਸਮਾਜਿਕ ਸੰਬੰਧਾ ਦਾ ਆਧਾਰ ਜਾਇਦਾਦ ਹੋਣ ਕਰਕੇ ਖ਼ੂਨ ਦੇ ਰਿਸ਼ਤੇ ਫਿੱਕੇ ਪੈਂਦੇ ਜਾ ਰਹੇ ਹਨ। ਨਾਟਕ ਵਿਚ ਜਾਇਦਾਦ ਦੇ ਬਟਵਾਰੇ ਨੂੰ ਲੈ ਕੇ ਦੋ ਭਰਾ ਬਿਸ਼ਨਾ ਅਤੇ ਸਰਵਣ ਇੱਕ ਦੂਜੇ ਦੀਆਂ ਅੱਖਾਂ ਵਿਚ ਰੜਕਦੇ ਹਨ।ਬਿਸ਼ਨਾ ਆਪਣੀ ਜਾਇਦਾਦ ਕਿਸੇ ਸਰੀਕ ਦੇ ਹਿੱਸੇ ਜਾਣ ਦੀ ਸੂਰਤ ਵਿਚ ਔਲਾਦ ਦੀ ਕਾਮਨਾ ਕਰਦਾ ਹੈ। ਅਤੇ ਉਹ ਆਪਣੇ ਭਰਾ ਬਿਸ਼ਨੇ ਦੇ ਪੁੱਤਰ ਨੂੰ ਮਾਰ ਦੇਣ ਦੀ ਇੱਛਾ ਪ੍ਰਗਟ ਕਰਦਾ ਹੈ।ਵਾਰਿਸ ਦੀ ਅਣਹੋਂਦ ਕਿਰਸਾਨੀ ਸਭਿਆਚਾਰ ਦਾ ਇੱਕ ਬਹੁਤ ਵੱਡਾ ਮਸਲਾ ਬਣ ਜਾਂਦਾ ਹੈ। ਪਿਤਾ ਪੁਰਖੀ ਸਮਾਜ ਵਿਚ ਵਾਰਿਸ ਦਾ ਨਾ ਹੋਣਾ ਸਰੀਕੇ ਵਿਚ ਇੱਕ ਹੀਣ ਭਾਵਨਾ ਦਾ ਮੁੱਦਾ ਬਣ ਜਾਂਦਾ ਹੈ।ਬਿਸ਼ਨਾ ਪਾਤਰ ਨਾਟਕ ਵਿਚ ਵਾਰਤਾਲਾਪ ਰਾਹੀਂ ਬਿਆਨ ਕਰਦਾ ਹੈ।

ਬਿਸ਼ਨਾ: ਮੇਰੇ ਜ਼ਖ਼ਮਾਂ ਨੂੰ ਨਾ ਉਚੇੜ ਕਰਤਾਰੀਏ ! ਜਦ ਤੱਕ ਤੇਰੀ ਕੁੱਖ ਨੀ ਹਰੀ ਹੁੰਦੀ, ਗੁਆਂਢੀਆਂ ਦੇ ਘਰ ਜੁਆਕ ਖੇਡਦੇ..... ਮੈਂ ਚੈਨ ਨਾਲ ਨੀ ਬੈਠ ਸਕਦਾ।ਮੈਨੂੰ ਤਾਂ ਇਨ੍ਹਾਂ ਦਾ ਬੱਚਾ ਨਾਗ ਦਾ ਬੱਚਾ ਲੱਗਦੈ ਬਿਸੀਅਰ ਨਾਗ। ਦਿਲ ਤਾਂ ਕਰਦਾ ਮੈਂ ਇਸ ਦਾ ਸਿਰ ਫੇਹ ਦਿਆਂ। ਹਾਏ ਓਏ ਮੇਰਿਆ ਰੱਬਾ! ਮੇਰੀ ਜ਼ਮੀਨ ਸ਼ਰੀਕਾਂ ਦੇ ਹੱਥ ਆਜੂ, ਮੈਨੂੰ ਤਾਂ ਵਾਰਿਸ ਚਾਹੀਦਾ ਵਾਰਿਸ, ਜ਼ਮੀਨ ਦਾ ਵਾਰਿਸ।[1]

ਬਿਸ਼ਨੇ ਦੇ ਇਹ ਬੋਲ ਸਮਾਜ ਵਿਚ ਵਾਰਿਸ ਦੀ ਲੋੜ ਰਿਸ਼ਤਿਆਂ ਵਿਚ ਆ ਰਹੀ ਗਿਰਾਵਟ ਅਤੇ ਪੂੰਜੀਵਾਦੀ ਸੋਚ ਨੂੰ ਬਿਆਨ ਕਰਨਾ ਹੈ।ਜਾਇਦਾਦ ਕਾਰਨ ਖ਼ੂਨ ਦੇ ਰਿਸ਼ਤਿਆਂ ਵਿਚ ਦਰਾਰ ਪੈਦਾ ਹੋ ਜਾਂਦੀ ਹੈ। ਨਾਟਕਕਾਰ ਨੇ ਜਾਇਦਾਦ ਨੂੰ ਲੈ ਕੇ ਮਨੁੱਖੀ ਰਿਸ਼ਤਿਆਂ ਵਿਚ ਵਧ ਰਹੀ ਨਫ਼ਰਤ ਨੂੰ ਨਾਟਕ ਰਾਹੀਂ ਰੂਪਮਾਨ ਕੀਤਾ ਹੈ। ਬਿਸ਼ਨ ਤੇ ਸਰਵਣ ਘਰ ਦੇ ਬਟਵਾਰੇ ਸਮੇਂ ਇੱਕ ਦੂਜੇ ਨੂੰ ਵਾਧੂ ਜਗ੍ਹਾ ਦੇਣ ਲਈ ਵੀ ਤਿਆਰ ਨਹੀਂ ਹਨ।ਵਰਿਆਮ ਮਸਤ ਨਾਟਕ ਵਿਚ ਵੰਡ ਨੂੰ ਇੱਕ ਪਰਿਵਾਰ ਦਾ ਹੀ ਨਹੀਂ ਸਗੋਂ ਸਮੁੱਚੇ ਪੰਜਾਬੀ ਸਭਿਆਚਾਰ ਦੀ ਹੋ ਰਹੀ ਦੁਰਦਸ਼ਾ ਨੂੰ ਨਾਟਕੀ ਰੂਪ ਦੇ ਕੇ ਬਿਆਨ ਕਰਦਾ ਹੈ।

ਨਾਟਕ ਰਿਸ਼ਤੇ) ਵਿਚ ਬੰਤਾ ਸਿੰਘ ਦਾ ਪਰਿਵਾਰ ਆਰਥਿਕ ਮੰਦੀ ਕਾਰਨ ਸਮੱਸਿਆਵਾਂ ਦੇ ਤਾਣੇ ਵਿਚ ਉਲਝਦਾ ਹੋਇਆ, ਜ਼ਿੰਦਗੀ ਦੇ ਅੰਤ ਸੰਕਟਗ੍ਰਸਤ ਪੜਾਅ ਚੋਂ ਗੁਜ਼ਰ ਰਿਹਾ ਹੈ। ਮਸਤ ਨੇ ਛੋਟੀ ਕਿਸਾਨੀ ਦੀ ਮੰਦੀ ਆਰਥਿਕ ਸਥਿਤੀ ਦੇ ਸੰਦਰਭ ਵਿਚ ਯਥਾਰਥਵਾਦੀ ਢੰਗ ਨਾਲ ਲੋਕਾਂ ਦੇ ਦੁਖਾਂਤ ਨੂੰ ਬਿਆਨ ਕੀਤਾ ਹੈ। ਛੋਟੀ ਕਿਸਾਨੀ ਦੀ ਮੰਦਹਾਲੀ ਕਾਰਨ ਪੈਦਾ ਹੋਇਆ ਦੁਖਾਂਤ ਹੀ ਇਸ ਨਾਟਕ ਦਾ ਕੇਂਦਰੀ ਧੁਰਾ ਹੈ। ਆਪਣੀ ਆਰਥਿਕਤਾ ਨੂੰ ਸੁਧਾਰਨ ਲਈ, ਉਹ ਆਪਣੀ ਜ਼ਮੀਨ ਆਦਿ ਗਹਿਣੇ ਰੱਖ ਕੇ ਆਪਣੇ ਬੱਚਿਆਂ ਨੂੰ ਲਈ ਵਿਦੇਸ਼ਾਂ ਵਿਚ ਭੇਜਦੇ ਹਨ।ਖੱਟਣ ਕਮਾਉਣ ਗਏ ਇਹ ਨੌਜਵਾਨ ਉਨ੍ਹਾ ਮੁਲਕਾਂ ਦੇ ਮੁੱਲ-ਪ੍ਰਬੰਧ ਵਿਚ ਵਿਚਰਦੇ ਆਪਣਾ ਪਿੱਛਾ ਭੁੱਲ ਜਾਂਦੇ ਹਨ।[13] ਵਰਿਆਮ ਮਸਤ ਨੇ ਨਾਟਕ ਵਿਚ ਵਿਦੇਸ਼ ਗਏ ਪੁੱਤਰ ਉੱਤੇ ਆਸ ਰੱਖੀ ਬੈਠੇ ਮਾਪਿਆਂ ਦੀ ਮਾਨਸਿਕਤਾ ਨੂੰ ਪੇਸ਼ ਕੀਤਾ ਹੈ।ਬੰਤਾ ਸਿੰਘ ਤੇ ਪ੍ਰੇਮੀ ਆਪਣੇ ਵਿਦੇਸ਼ੋਂ ਪਰਤੇ ਪੁੱਤਰ ਤੋਂ ਗਹਿਣੇ ਪਈ ਜ਼ਮੀਨ ਛਡਾਉਣ ਲਈ ਪੈਸਿਆਂ ਦੀ ਆਸ ਕਰਦੇ ਹਨ।ਪਰ ਉਹ ਇਸ ਗੱਲ ਤੋਂ ਸਾਫ਼ ਮੁਨਕਰ ਹੋ ਜਾਂਦਾ ਹੈ। ਉਹ ਕੁੱਝ ਦੇਣ ਦੀ ਬਜਾਏ ਜ਼ਮੀਨ ਵਿਚੋਂ ਆਪਣਾ ਹਿੱਸਾ ਮੰਗਦਾ ਹੋਇਆ ਆਖਦਾ ਹੈ।

ਬੰਤਾ ਸਿੰਘ : ਪੁੱਤ ਤੈਨੂੰ ਤਾਂ ਪਤਾ ਈ ਹੈ, ਉਹ ਜ਼ਮੀਨ ਤਾਂ ਗਹਿਣੇ ਪਈ ਐ,
ਪੀਤਾ : ਪੈਸੇ? ਮੇਰੇ ਕੋਲ ਤਾਂ ਕਾਣੀ ਕੌਡੀ ਨੀ ..... ਮੇਰਾ ਜੋ ਬਣਦਾ ਇਹ ਘਰ 'ਚੋਂ ਹਿੱਸਾ ਦਿਓ।[2]

ਅਸੀਂ ਕਹਿ ਸਕਦੇ ਹਾਂ ਕਿ ਕਿ ਵੱਖ-ਵੱਖ ਸਮਾਜਿਕ ਬਣਤਰਾਂ ਵਿਚ ਰਿਸ਼ਤਿਆਂ ਦਾ ਮੁੱਲ ਵੱਖ-ਵੱਖ ਹੁੰਦਾ ਹੈ। ਰਿਸ਼ਤੇ ਦੋ ਤਰ੍ਹਾਂ ਦੇ ਹੁੰਦੇ ਹਨ ਮਾਨਵੀ ਰਿਸ਼ਤੇ ਤੇ ਸਮਾਜਿਕ ਰਿਸ਼ਤੇ। ਉਹ ਰਿਸ਼ਤੇ ਜੋ ਮਨੁੱਖੀ ਜਾਤੀ, ਨਸਲੀ ਬੰਦਿਆਂ ਤੋਂ ਮੁਕਤ ਅਤੇ ਖ਼ਾਸ ਆਦਰਸ਼ਕ ਵਾਲੇ ਹੁੰਦੇ ਹਨ, ਉਹ ਮਾਨਵੀ ਰਿਸ਼ਤੇ ਕਹਾਉਂਦੇ ਹਨ। ਮਾਨਵੀ ਰਿਸ਼ਤਿਆਂ ਨੂੰ ਦੁਨੀਆ ਵਿਚ ਮਹਾਨ ਤੇ ਉੱਚਾ ਦਰਜਾ ਦਿੱਤਾ ਜਾਂਦਾ ਹੈ। ਇਹ ਰਿਸ਼ਤੇ ਹੌਲੀ-ਹੌਲੀ ਗੁੰਝਲਦਾਰ ਹੁੰਦੇ ਜਾਂਦੇ ਹਨ।ਇਨ੍ਹਾਂ ਰਿਸ਼ਤਿਆਂ ਦੀ ਬੁਨਿਆਦ ਪਿਆਰ ਨਹੀ ਸਗੋਂ ਨਿੱਜੀ ਹਿਤਾਂ, ਸੁਆਰਥਾਂ ਦੀ ਪੂਰਤੀ ਹੁੰਦੀ ਹੈ। ਡਾ. ਪੁਸ਼ਵਿੰਦਰ ਕੌਰ ਦੇ ਸ਼ਬਦਾਂ ਅਨੁਸਾਰ:




Scanned with OKEN Scanner